# ਬੇਗ਼ਮੋ ਦੀ ਧੀ

(ਨਾਟਕ ਸ਼ੁਰੂ ਹੋਣ 'ਤੇ ਪਿੱਠ ਭੂਮੀ ਤੋਂ ਰੌਲੇ ਦੀ ਆਵਾਜ਼ ਉੱਚੀ ਹੁੰਦੀ ਹੈ। ਰੌਲੇ ਵਿਚੋਂ ਹੀ ਫੇਰ ਵਾਰਤਾਲਾਪ ਦੀ ਸ਼ਕਲ ਵਿਚ ਆਵਾਜ਼ਾਂ ਉੱਚੀਆਂ ਹੁੰਦੀਆ ਹਨ।)

ਇਕ : ਸੁਣਿਐ ਉੱਚੀ ਪੱਤੀ ਵਾਲਾ ਪਾਲਾ ਸਿੰਘ ਮਾਰਿਆ ਗਿਆ ਏ।

ਦੋ : ਲਾਸ਼ ਰੜੇ ਮੈਦਾਨ ਪਈ ਏ।

ਇਕ : ਕਿਉਂ ਕੁੱਤਿਆਂ ਨੇ ਨਹੀਂ ਧੂਹੀ ?

ਦੋ : ਕਿਹੋ ਜਿਹੀਆਂ ਗੱਲਾਂ ਕਰਦਾ ਏਂ ?

ਇਕ : ਇਹੋ ਜਿਹੀਆਂ ਲਾਸ਼ਾਂ ਨੂੰ ਤਾਂ ਕੁੱਤੇ ਹੀ ਧੂੰਹਦੇ ਨੇ।

ਦੋ : ਉਪਰ ਵਾਲੇ ਦਾ ਇਨਸਾਫ਼ ਬੜਾ ਡਾਢ੍ਹਾ ਏ।

ਇਕ : ਪਰ ਗਰੀਬ ਦੀ ਆਹ ਉਸ ਤੋਂ ਵੀ ਡਾਢ੍ਹੀ ਏ।

ਦੋ : ਕੀ ਖ਼ਿਆਲ ਏ, ਕੀਹਨੇ ਮਾਰਿਆ ਹੋਣਾ ਏ ?

ਇਕ : ਹਾਲੀ ਤੇ ਕੋਈ ਪਤਾ ਨਹੀਂ ਲੱਗਿਆ।

ਦੋ : ਚਲੋ ਚੱਲ ਕੇ ਵੇਖੀਏ।

ਇਕੱਠੇ : ਹਾਂ ਚਲੋ ਚੱਲ ਕੇ ਵੇਖੀਏ।

*(ਮੰਚ 'ਤੇ ਮਾਸਟਰਨੀ ਆਉਂਦੀ ਹੈ ਤੇ ਦਰਸ਼ਕਾਂ ਨੂੰ ਬੜੇ ਵਿਸ਼ਵਾਸ਼ ਨਾਲ ਸੰਬੋਧਨ ਹੁੰਦੀ ਹੈ।)*

ਮਾਸਟਰਨੀ : ਇਹ ਕਤਲ ਮੈਂ ਕੀਤਾ ਹੈ। ਮੈਂ ਇਸ ਪਿੰਡ ਦੇ ਸਕੂਲ ਦੀ ਮਾਸਟਰਨੀ ਹਾਂ। ਇਹ ਕਤਲ ਮੈਂ ਕਿਉਂ ਕੀਤਾ ਹੈ ? ਇਹ ਬਹੁਤ ਲੰਮੀ ਕਹਾਣੀ ਏ ਤੇ ਮੈਂ ਇਹ ਕਹਾਣੀ ਇਕ ਨਾਟਕ ਦੇ ਰੂਪ ਵਿਚ ਸੁਣਾਵਾਂਗੀ। ਮੈਂ ਪੁਲਿਸ ਅੱਗੇ ਕੋਈ ਬਿਆਨ ਨਹੀਂ ਦੇਵਾਂਗੀ। ਕਿਉਂ ਦੇਵਾਂ ? ਮੇਰੀ ਜ਼ਮੀਰ ਉੱਤੇ ਇਸ ਕਤਲ ਦਾ ਕੋਈ ਭਾਰ ਨਹੀਂ, ਇਥੇ ਰੋਜ਼ ਬੜੇ ਚੰਗੇ ਚੰਗੇ ਲੋਕਾਂ ਦਾ ਕਤਲ ਹੋ ਜਾਂਦਾ ਹੈ, ਕਿਸੇ ਦੀ ਜ਼ਮੀਰ ਲਾਅਨਤ ਨਹੀਂ ਪਾਉਂਦੀ। ਬੇਦੋਸ਼ਿਆਂ ਦੇ ਕਤਲ ਹੋ ਜਾਂਦੇ ਨੇ, ਕਿਸੇ ਦੀ ਸਿਹਤ 'ਤੇ ਅਸਰ ਨਹੀਂ ਹੁੰਦਾ, ਫੇਰ ਮੈਂ ਕਿਉਂ ਆਪਣੀ ਜ਼ਮੀਰ 'ਤੇ ਭਾਰ ਪਾਵਾਂ ? ਮਰਨ ਵਾਲਾ ਧਰਤੀ 'ਤੇ ਰੀਂਗਦਾ ਇਕ ਕੀੜਾਸੀ। ਉਹਦਾ ਮਰਨਾ ਚੰਗਾ ਹੋਇਆ ਜਾਂ ਮੰਦਾ, ਇਹਦਾ ਫ਼ੈਸਲਾ ਨਾਟਕ ਵੇਖਣ ਤੋਂ ਬਾਅਦ ਤੁਸੀਂ ਆਪ ਕਰਨਾ। ਮੈਂ ਇਸ ਨਾਟਕ ਦੀ ਆਪ ਪਾਤਰ ਹਾਂ। ਕਹਾਣੀ ਮੇਰੇ ਸਕੂਲ ਦੇ ਚੌਂਕੀਦਾਰ

ਤੋਂ ਸ਼ੁਰੂ ਹੁੰਦੀ ਏ। ਭਾਵੇਂ ਉਹ ਨੌਕਰੀ ਤੋਂ ਰਿਟਾਇਰ ਹੋ ਗਿਆ ਏ, ਪਰ ਉਹਨੇ ਚੌਕੀਦਾਰੀ ਨਹੀਂ ਛੱਡੀ ਤੇ ਬਕਾਇਦਾ ਰੋਜ਼ ਸਕੂਲ ਆਉਂਦਾ ਹੈ।

*(ਮਾਸਟਰਨੀ ਮੰਚ ਤੋਂ ਇਕ ਪਾਸੇ ਤੋਂ ਬਾਹਰ ਜਾਂਦੀ ਹੈ। ਦੂਜੇ ਪਾਸੇ ਤੋਂ ਬੁੱਢਾ ਚੌਕੀਦਾਰ ਹੌਲੀ ਹੌਲੀ ਤੁਰਦਾ ਆ ਕੇ ਬੈਂਚ 'ਤੇ ਬੈਠ ਜਾਂਦਾ ਹੈ।)*

ਚੌਕੀਦਾਰ : (ਉਪਰ ਵੱਲ ਮੂੰਹ ਕਰਕੇ) ਓਏ ਉੱਪਰ ਵਾਲਿਆ, ਹੁਣ ਚੱਕ ਵੀ ਲੈ ਸਾਨੂੰ, ਇਥੇ ਕਿਹੜੇ ਕੋਠੇ ਢਾਹੀ ਜਾਨੇ ਹਾਂ, ਪਾਣੀ 'ਚ ਮਧਾਣੀ ਪਾਈ ਬੈਠਾ ਏਂ, ਆਵਦੇ ਕੋਲ ਸੱਦ ਲੈ ਡਾਢਿਆ ਤੇ ਸਿਆਪਾ ਖ਼ਤਮ ਕਰ। (ਪਾਲਾ ਸਿੰਘ ਆਉਂਦਾ ਹੈ।)

ਪਾਲਾ ਸਿੰਘ : ਚੌਕੀਦਾਰਾ ਕਿਦ੍ਹੇ ਨਾਲ ਗੱਲਾਂ ਪਿਆ ਕਰਦਾ ਏਂ, ਕਿਤੇ ਸਾਡੀ ਚਾਚੀ ਜਲ ਕੌਰ ਦੀ ਯਾਦ ਤੇ ਨਹੀਂ ਆਉਂਦੀ ?

ਚੌਕੀਦਾਰ : ਉਹਦੀ ਹੀ ਯਾਦ ਆਉਂਦੀ ਏ, ਉਹ ਆਪ ਤੇ ਕੰਜਰ ਦੀ ਇਸ ਜਹਾਨੋਂ ਚਲੀ ਗਈ ਹੇ, ਸੁੱਖੀ ਹੋ ਗਈ ਤੇ ਸਾਨੂੰ ਛੱਡ ਗਈ ਦੁੱਖਾਂ ਲਈ।

ਪਾਲਾ ਸਿੰਘ : ਨਾ ਤੈਨੂੰ ਕੀ ਦੁੱਖ ਏ ?

ਚੌਕੀਦਾਰ : ਦੁੱਖ ਹੀ ਦੁੱਖ ਨੇ, ਸੁੱਖ ਕਿਹੜਾ ਏ ? ਤੂੰ ਤੇ ਸਰਦਾਰਾ ਜਾਣਦਾ ਏਂ ਕਿ ਜਵਾਨੀ 'ਚ ਕਸਰ ਛੱਡੀ ਕੰਮ ਕਰਨ ਵਾਲੀ ? ਬਲਦਾਂ ਵਾਗੂੰ ਕੰਮ ਕੀਤਾ, ਮੁੰਡਿਆਂ ਨੂੰ ਪੜ੍ਹਾਇਆ, ਕੰਮੀ ਧੰਦੀ ਲਵਾਇਆ। ਕੀ ਨਹੀਂ ਕੀਤਾ।

ਪਾਲਾ ਸਿੰਘ : ਕੀਤਾ, ਸਭ ਕੁਝ ਕੀਤਾ।

ਚੌਕੀਦਾਰ : ਕੀ ਕਦਰ ਪਾਈ ਉਹਨਾਂ ਮੇਰੀ ? ਆਥਣੇ ਸਵੇਰੇ ਕੁੱਤੇ ਖਾਣੀ ਹੁੰਦੀ ਏ ਮੇਰੇ ਨਾਲ, ਉਹਨਾਂ ਦੇ ਭਾਣੇ ਪੱਥਰ ਹੀ ਆ ਘਰ 'ਚ, ਠੋਕਰ ਮਾਰੀ ਇੱਧਰ, ਠੋਕਰ ਮਾਰੀ ਉੱਧਰ।

ਪਾਲਾ ਸਿੰਘ : ਤੇ ਇਸੇ ਕਰਕੇ ਫੇਰ ਤੂੰ ਸਕੂਲ ਆ ਬੈਠਦਾ ਏਂ ?

ਚੌਕੀਦਾਰ : ਇਥੇ ਦਿਲ ਨੂੰ ਸਕੂਨ ਜਿਹਾ ਮਿਲਦਾ ਏ, ਘਰ ਕੀ ਏ ? ਪਤਾ ਨਹੀਂ ਕੰਜਰ ਦੇ ਇਕ ਜੱਤਲ ਜਿਹੀ ਕੁੱਤੀ ਕਿਥੋਂ ਚੁੱਕ ਲਿਆਏ ਨੇ, ਬਸ ਸਾਰਾ ਟੱਬਰ ਉਹਦੇ ਨਾਲ ਹੀ ਪੁੱਚ-ਪੁੱਚ ਕਰਦਾ ਰਹਿੰਦਾ ਏ, ਉਹਦੇ ਨਾਲ ਹੀ ਲਾਡੀਆਂ ਕਰਦੇ ਰਹਿੰਦੇ ਨੇ। ਸਾਡੀ ਕੋਈ ਬਾਤ ਨਹੀਂ ਪੁੱਛਦਾ... ਪਰ ਛੱਡ ਸਰਦਾਰਾ ਇਹਨਾਂ ਗੱਲਾਂ ਨੂੰ, ਇਹ ਦੱਸ ਤੂੰ ਕਿਵੇਂ ਆਇਆ ਏਂ।

ਪਾਲਾ ਸਿੰਘ : ਬਸ ਐਵੇਂ ਹੀ (ਇੱਧਰ ਉੱਧਰ ਵੇਖਕੇ) ਤੇਰੀ ਮਾਸਟਰਨੀ ਨਹੀਂ ਆਈ

ਹਾਲੇ ?

ਚੌਕੀਦਾਰ : ਕਿਉਂ ਤੈਨੂੰ ਉਹਦੇ ਨਾਲ ਕੋਈ ਕੰਮ ਏ ?

ਪਾਲਾ ਸਿੰਘ : ਨਹੀਂ ਬਸ, ਐਵੇਂ ਦਰਸ਼ਨ ਪਰਸ਼ਨ ਕਰਨੇ ਨੇ।

ਚੌਕੀਦਾਰ : ਦਰਸ਼ਨ ਪਰਸ਼ਨ ? ਮੈਂ ਸਮਝਿਆ ਨਹੀਂ।

ਪਾਲਾ ਸਿੰਘ : ਸੋਹਣੀ ਚੀਜ਼ ਏ ਤੇ ਚੌਕੀਦਾਰਾ ਤੈਨੂੰ ਪਤਾ ਏ, ਅਸੀਂ ਸੋਹਣੀਆਂ ਚੀਜ਼ਾਂ ਦੇ ਸ਼ੁਕੀਨ ਹਾਂ।

ਚੌਕੀਦਾਰ : ਆਹੋ ਇਹ ਤੁਹਾਡਾ ਖਾਨਦਾਨੀ ਪੇਸ਼ਾ ਏ।

ਪਾਲਾ ਸਿੰਘ : ਕੀ ਕਿਹਾ ?

ਚੌਕੀਦਾਰ : ਕੁਝ ਨਹੀਂ- (ਮਾਸਟਰਨੀ ਨੂੰ ਆਉਂਦਿਆਂ ਵੇਖਕੇ) ਲਓ ਆ ਗਏ ਨੇ ਭੈਣ ਜੀ।

ਮਾਸਟਰਨੀ : ਕੀ ਗੱਲ ਏ ਚਾਚਾ ?

ਚੌਕੀਦਾਰ : ਧੀਏ, ਇਹ ਉੱਚੀ ਪੱਤੀ ਵਾਲੇ ਸਰਦਾਰ ਪਾਲਾ ਸਿੰਘ ਨੇ, ਇਹਨਾਂ ਨੂੰ ਤੇਰੇ ਨਾਲ ਕੰਮ ਏ।

ਮਾਸਟਰਨੀ : ਕਿਉਂ, ਇਹਨਾਂ ਕੋਈ ਜਵਾਕ ਸਕੂਲ ਦਾਖ਼ਲ ਕਰਵਾਉਣਾ ਏ ?

ਚੌਕੀਦਾਰ : ਨਹੀਂ ਧੀਏ, ਇਹ ਤਾਂ ਆਪ ਹੀ ਦਾਖ਼ਲ ਹੋਣਾ ਚਾਹੁੰਦੇ ਨੇ।

ਪਾਲਾ ਸਿੰਘ : ਹਾਂ, ਜੇ ਤੁਹਾਡੀ ਮੇਹਰਬਾਨੀ ਹੋ ਜਾਏ।

ਮਾਸਟਰਨੀ : ਕਿਉਂ, ਅੱਗੇ ਪੜ੍ਹਾਈ ਨਹੀਂ ਕੀਤੀ ?

ਪਾਲਾ ਸਿੰਘ : ਅਗਲੀਆਂ ਪੜ੍ਹਾਈਆਂ ਰਹਿ ਗਈਆਂ ਪਿੱਛੇ।

ਮਾਸਟਰਨੀ : ਫੇਰ ਸਰਦਾਰਾ ਕੱਲ ਆਪਣੀ ਮਾਂਨੂੰ ਨਾਲ ਲੈ ਕੇ ਆਵੀਂ।

ਪਾਲਾ ਸਿੰਘ : ਮਾਂ ਨੂੰ ਕਿਉਂ ?

ਮਾਸਟਰਨੀ : ਇਥੇ ਜਵਾਕਾਂ ਨੂੰ ਦਾਖ਼ਲ ਕਰਵਾਉਣ ਮਾਵਾਂ ਹੀ ਆਉਂਦੀਆਂ ਨੇ।

*(ਮਾਸਟਰਨੀ ਦੂਜੇ ਪਾਸੇ ਜਾਣ ਲਈ ਮੁੜਦੀ ਹੈ, ਪਾਲਾ ਸਿੰਘ ਉਹਦੇ ਮਗਰ ਜਾਂਦਾ ਹੈ। ਮਾਸਟਰਨੀ ਬਾਹਰ ਨਿਕਲ ਜਾਂਦੀ ਹੈ।)*

ਚੌਕੀਦਾਰ : (ਜਦੋਂ ਪਾਲਾ ਸਿੰਘ ਦੀ ਪਿੱਠ ਹੈ) ਆਹੋ ਤੇਰੇ ਵਰਗੇ ਦੇ ਪਿਓਵਾਂ ਦਾ ਤਾਂ ਪਤਾ ਹੀ ਨਹੀਂ ਹੁੰਦਾ।

ਪਾਲਾ ਸਿੰਘ : ਚੌਕੀਦਾਰਾ, ਇਹ ਤੇਰੀ ਮਾਸਟਰਨੀ ਤਾਂ ਬੜਾ ਤਿੱਖਾ ਬੋਲਦੀ ਏ।

ਚੌਕੀਦਾਰ : ਉਹ ਤਾਂ ਬੋਲਦੀ ਏ।

ਪਾਲਾ ਸਿੰਘ : ਇਹਨੂੰ ਨਹੀਂ ਪਤਾ ਅਸੀਂ ਕੌਣ ਹੁੰਦੇ ਹਾਂ ?

ਚੌਕੀਦਾਰ : ਤੁਸੀਂ ਜ਼ੋਰਾਵਰ ਹੁੰਦੇ ਹੋ, ਸਾਰਾ ਪਿੰਡ ਤੁਹਾਡੇ ਤੋਂ ਡਰਦਾ ਏ।

ਪਾਲਾ ਸਿੰਘ : ਚੌਕੀਦਾਰਾ ਇਹ ਤੂੰ ਮੇਰੀ ਤਾਰੀਫ਼ ਕਰ ਰਿਹਾ ਏਜਾਂ ਬਿਜ਼ਤੀ।

ਚੌਕੀਦਾਰ : ਲੈ ਬਿਜ਼ਤੀ ਕਿਉਂ ? ਜ਼ੋਰਾਵਰ ਬਣਨਾ ਕੋਈ ਸੌਖੀ ਗੱਲ ਏ ? ਜਿਗਰੇ ਵਾਲਾ ਹੀ ਇਸ ਪਾਸੇ ਪੈਂਦਾ ਏ। ਮ੍ਰਾਤੜ ਲੋਕਾਂ ਦੀ ਕਿਥੋਂ ਜ਼ੁਰਅਤ ?

ਪਾਲਾ ਸਿੰਘ : ਅੱਛਾ ਅੱਛਾ ਠੀਕ ਏ। (ਜਾਣ ਲਈ ਮੁੜਦਾ ਹੈ)

ਚੌਕੀਦਾਰ : ਸਰਦਾਰਾ, ਤੇਰੇ ਨਾਲ ਇਕ ਗੱਲ ਕਰਨੀ ਏ।

ਪਾਲਾ ਸਿੰਘ : ਕੀ ਗੱਲ ਕਰਨੀ ਏ ?

ਚੌਕੀਦਾਰ : ਇਹ ਮਾਸਟਰਨੀ ਚੰਗੀ ਕੁੜੀ ਏ, ਬੱਚਿਆਂ ਨੂੰ ਪੜ੍ਹਾਉਂਦੀ ਏ। ਭਲਾ ਇਸਨੂੰ ਤੰਗ ਕਰਕੇ ਤੈਨੂੰ ਕੀ ਮਿਲੇਗਾ ?

ਪਾਲਾ ਸਿੰਘ : ਬਸ ਸੁਆਦ ਆਏਗਾ।

ਚੌਕੀਦਾਰ : ਸੁਆਦ ?

ਪਾਲਾ ਸਿੰਘ : ਹਾਂ ਜਿਹੜੀ ਕੁੜੀ ਆਕੜ ਕੇ ਤੁਰਦੀ ਏ, ਉਹ ਇਕ ਦਿਨ ਪੈਰਾਂ 'ਤੇ ਡਿੱਗੀ ਹੋਵੇ, ਇਸ ਤੋਂ ਵੱਡੀ ਸੁਆਦ ਵਾਲੀ ਗੱਲ ਕੀ ਹੋ ਸਕਦੀ ਏ?

ਚੌਕੀਦਾਰ : ਪਰ ਸਰਦਾਰਾ ਬਾਜ਼ੀ ਪੁੱਠੀ ਵੀ ਪੈ ਸਕਦੀ ਏ।

ਪਾਲਾ ਸਿੰਘ : ਕੀ ਮਤਲਬ ?

ਚੌਕੀਦਾਰ : ਬੜੀ ਹਿੰਮਤ ਵਾਲੀ ਏ, ਕੁੜੀ ਸੋਹਣੀ ਹੋਵੇ, ਸੁਨੱਖੀ ਹੋਵੇ, ਆਕੜ ਕੇ ਖੜੀ ਹੋਵੇ ਤੇ ਇਸ ਇਲਾਕੇ ਦਾ ਖੱਬੀ ਖਾਂ ਸਰਦਾਰ ਪੈਰਾਂ 'ਤੇ ਡਿੱਗਿਆ ਹੋਵੇ, ਫੇਰ ਕਿਹੋ ਜਿਹਾ ਨਜ਼ਾਰਾ ਲੱਗੇਗਾ ?

ਪਾਲਾ ਸਿੰਘ : ਚੌਕੀਦਾਰਾ ਤੈਨੂੰ ਸਾਡੀ ਤਾਕਤ ਦਾ ਪਤਾ ਨਹੀਂ। ਇਲਾਕੇ ਵਿਚ ਕਿਸੇ ਵੈਲੀ ਨੇ ਵੈਲ ਕਮਾਉਣਾ ਹੋਵੇ ਤਾਂ ਪਹਿਲਾਂ ਸਾਡੇ ਕੋਲੋਂ ਪੁੱਛਦਾ ਏ, ਪੁਲਿਸ ਨੇ ਕੋਈ ਕਾਰਵਾਈ ਕਰਨੀ ਹੋਵੇ ਤਾਂ ਪਹਿਲਾਂ ਸਾਡੇ ਕੰਨਾਂ ਵਿਚੋਂ ਕੱਢਦੀ ਏ, ਤੇ ਇਹ ਤੇਰੀ ਮਾਸਟਰਨੀ ਸਾਡੇ ਅੱਗੇ ਇਸ ਤਰ੍ਹਾਂ ਆਕੜਦੀ ਏ, ਜਿਸ ਤਰ੍ਹਾਂ ਕਹਿ ਰਹੀ ਹੋਵੇ, 'ਹਮ ਕਿਸੀ ਕੀ ਕਯਾ ਪਰਵਾਹ ਕਰਤੇ ਹੈਂ।'

ਚੌਕੀਦਾਰ : ਹੋ ਸਕਦਾ ਏ ਇਹਨੂੰ ਕਿਸੇ ਦੀ ਸ਼ਹਿ ਹੋਵੇ ?

ਪਾਲਾ ਸਿੰਘ : ਸ਼ਹਿ ਕੀ, ਐਵੇਂ ਹੁਸਨ ਦਾ ਗ਼ਰੂਰ ਏ, ਇਹੋ ਜਿਹੀਆਂ ਅਸੀਂ ਬੜੀਆਂ ਖਾਧੀਆਂ ਪੀਤੀਆਂ।

ਚੌਕੀਦਾਰ : ਆਹੋ ਇਹ ਕਿਸੇ ਕੋਲੋਂ ਭੁੱਲਿਆ ਹੋਇਆ ਏ ?

ਪਾਲਾ ਸਿੰਘ : ਸੰਤਾਲੀ ਵੇਲੇ ਸਾਡੇ ਬੁੜੇ ਦਾ ਵੀ ਇਹੋ ਕੰਮ ਸੀ, ਇਹਨੂੰ ਸਮਝਾ ਦੇਵੀਂ ਸਾਡੇ ਨਾਲ ਟੱਕਰ ਨਾ ਲਵੇ, ਸਾਡੀਆਂ ਬਾਹਵਾਂ ਬੜੀਆਂ ਲੰਮੀਆਂ ਨੇ। (ਜਾਂਦਾ ਹੈ।)

ਚੌਕੀਦਾਰ : ਆਹੋ ਸਰਦਾਰਾ, ਤੁਹਾਡੀਆਂ ਬਾਹਵਾਂ ਬੜੀਆਂ ਲੰਮੀਆਂ ਨੇ, ਏਧਰ ਵੀ ਹੱਥ ਮਾਰੀ ਜਾਂਦੇ ਹੋ, ਤੇ ਓਧਰ ਵੀ। (ਮਾਸਟਰਨੀ ਆਉਂਦੀ ਹੈ।)

ਮਾਸਟਰਨੀ : ਚਾਚਾ, ਇਹ ਤੇਰਾ ਉੱਚੀ ਪੱਤੀ ਵਾਲਾ ਸਰਦਾਰ ਪਾਲਾ ਸਿੰਘ ਕੀ ਕਹਿੰਦਾ ਗਿਆ ਏ ?

ਚੌਕੀਦਾਰ : ਧੀਏ, ਇਸ ਬੰਦੇ ਦੇ ਮੂੰਹ ਲੱਗਣਾ ਠੀਕ ਨਹੀਂ।

ਮਾਸਟਰਨੀ : (ਪਾਸੇ) ਇਹਦੇ ਮੂੰਹ ਲੱਗਣ ਹੀ ਤਾਂ ਇਥੇ ਆਈ ਹਾਂ। (ਚਾਚੇ ਨੂੰ) ਕਿਉਂ ਇਹ ਕੋਈ ਖ਼ਾਸ ਬੰਦਾ ਏ?

ਚੌਕੀਦਾਰ : ਹਾਂ, ਧੀਏ ਖ਼ਾਸ ਹੀ ਖਾਨਦਾਨੀ ਬੰਦਾ ਏ।

ਮਾਸਟਰਨੀ : ਖਾਨਦਾਨੀ?

ਚੌਕੀਦਾਰ : ਹਾਂ ਤਿੰਨਾਂ ਪੀੜ੍ਹੀਆਂ ਤੋਂ ਵੈਲ ਕਮਾਉਣਾ ਇਹਨਾਂ ਦਾ ਖਾਨਦਾਨੀ ਪੇਸ਼ਾ ਏ। 47 ਵੇਲੇ ਤਾਂ ਇਹਦੇ ਪਿਓ ਨੇ ਬੜੇ ਦਾਅ ਮਾਰੇ।

ਮਾਸਟਰਨੀ : 47 ਵੇਲੇ? ਉਹ ਚਾਚਾ ਕਿਸ ਤਰ੍ਹਾਂ?

ਚੌਕੀਦਾਰ : ਕੰਮ ਤਾਂ ਪਹਿਲਾਂ ਵੀ ਇਹਨਾਂ ਦੇ ਇਹੋ ਸਨ। ਪਹਾੜਾਂ ਤੋਂ ਤੀਵੀਆਂ ਖਰੀਦਣੀਆਂ ਤੇ ਫੇਰ ਕਲਕੱਤੇ ਬੰਬਈ ਵੱਲ ਵੇਚ ਆਉਣੀਆਂ। ਰੌਲਿਆਂ ਵੇਲੇ ਤਾਂ ਇਹ ਕੰਮ ਹੋਰ ਵੀ ਆਸਾਨ ਹੋ ਗਿਆ।

ਮਾਸਟਰਨੀ : ਉਹ ਕਿਵੇਂ ਚਾਚਾ?

ਚੌਕੀਦਾਰ : ਪਹਿਲਾਂ ਤਾਂ ਕਿਸੇ ਮਜਬੂਰ ਬਾਪ ਜਾਂ ਮਜਬੂਰ ਭਰਾ ਨਾਲ ਸੌਦਾ ਕਰਨਾ ਪੈਂਦਾ ਸੀ, ਕੋਲੋਂ ਕੁਝ ਦੇਣਾ ਪੈਂਦਾ ਸੀ। ਪਰ, ਰੌਲਿਆਂ ਵੇਲੇ ਇਹ ਵੀ ਨਹੀਂ ਕਰਨਾ ਪੈਂਦਾ ਸੀ। ਰੌਲਿਆਂ ਗੌਲਿਆਂ ਵਿਚ ਇਹੋ ਜਿਹੇ ਹੀ ਦਾਅ ਮਾਰਦੇ ਨੇ।

ਮਾਸਟਰਨੀ : ਤੇ ਚਾਚਾ ਜੁੰਮੇ ਘੁਮਿਆਰ ਦੀ ਧੀ ਵੀ ਇਹਨਾਂ ਦੀ ਉਧਾਲੀ ਸੀ?

ਚੌਕੀਦਾਰ : ਆਹੋ, ਪਰ ਤੈਨੂੰ ਕਿਸ ਤਰ੍ਹਾਂ ਪਤਾ?

ਮਾਸਟਰਨੀ : ਪਿੰਡ ਵਾਲਿਆਂ ਨੇ ਦੱਸਿਆ ਏ। ਹਾਂ ਤੇ ਚਾਚਾ ਜੇ ਰੌਲਿਆਂ ਵਿਚ ਇਹੋ ਜਿਹੇ ਭੈੜੇ ਬੰਦੇ ਦਾਅ ਮਾਰ ਸਕਦੇ ਨੇ ਤਾਂ ਚੰਗੇ ਵੀ ਆਪਣਾ ਦਾਅ ਖੇਡ ਸਕਦੇ ਨੇ। ਤੇਰੇ ਇਸ ਪਾਲਾ ਸਿੰਘ ਦਾ ਵੀ ਕੁਝ ਕਰਨਾ ਪਏਗਾ।

ਚੌਕੀਦਾਰ : ਇਹਦੇ ਬਾਰੇ ਕੋਈ ਕੀ ਕਰ ਸਕਦਾ ਏ?

ਮਾਸਟਰਨੀ : ਕਿਸੇ ਨੂੰ ਤਾਂ ਕਰਨਾ ਪਵੇਗਾ, ਬਾਬਾ ਜੀ ਨੂੰ ਕਹਾਂਗੀ।

ਚੌਕੀਦਾਰ : ਬਾਬਾ ਜੀ ਨੂੰ ਵਿਚ ਨਾ ਪਾਵੀਂ, ਭੈੜਾ ਬੰਦਾ ਏ, ਹੁਣ ਤਾਂ ਏ.ਕੇ. 47 ਵਾਲਿਆਂ ਨਾਲ ਵੀ ਇਹਦਾ ਸਬੰਧ ਏ।

ਮਾਸਟਰਨੀ : ਫੇਰ ਉਹਨਾਂ ਨੂੰ ਆਖ ਵੇਖਾਂਗੀ।

ਚੌਕੀਦਾਰ : ਤੂੰ ਉਹਨਾਂ ਨੂੰ ਜਾਣਦੀ ਏਂ?

ਮਾਸਟਰਨੀ : ਸਿੱਧਾ ਤਾਂ ਨਹੀਂ ਜਾਂਦੀ, ਪਰ ਰਾਹ 'ਤੇ ਲੱਭਿਆ ਜਾ ਸਕਦਾ ਹੈ।

ਚੌਕੀਦਾਰ : ਲੱਭ ਕੇ ਆਖੇਂਗੀ ਕੀ?

ਮਾਸਟਰਨੀ : ਇਹੀ ਆਖਾਂਗੀ, ਸਰਕਾਰ ਨਾਲ ਲੜਾਈ ਹੈ ਤਾਂ ਜੀ ਸਦਕੇ ਲੜੋ, ਪਰ ਉਹਨਾਂ ਬੰਦਿਆਂ ਨੂੰ ਵੀ ਨੱਥ ਪਾਵੋ ਜੋ ਤੁਹਾਡਾ ਨਾਂ ਵਰਤ

ਕੇ ਪਿੰਡਾਂ ਵਿਚ ਗੁੰਡਾਗਰਦੀ ਕਰਦੇ ਨੇ।

ਚੌਕੀਦਾਰ : ਇਹ ਤਾਂ ਲੜਾਈ ਪਾਉਣ ਵਾਲੀ ਗੱਲ ਏ।

ਮਾਸਟਰਨੀ : ਹਾਂ ਚਾਚਾ, ਇਹ ਲੜਾਈ ਹੀ ਹੈ ਤੇ ਲੜਾਈ ਵਿਚ ਪਿੱਛੇ ਨਹੀਂ ਹਟਿਆ ਜਾ ਸਕਦਾ। (ਜਾਂਦੀ ਹੈ।)

ਚੌਕੀਦਾਰ : (ਉਹਦੇ ਜਾਣ ਦੇ ਬਾਅਦ ਆਪਣੇ ਆਪ ਵਿਚ) ਲੈ ਉਏ ਆਲਾ ਸਿਆਂ, ਤੂੰ ਹਮੇਸ਼ਾਂ ਆਪਣੇ ਘਰ ਦੀ ਜੰਗ ਬਾਰੇ ਹੀ ਸੋਚਦਾ ਰਹਿੰਦਾ ਏ, ਪਰ ਇਥੇ ਉਹ ਲੋਕ ਵੀ ਨੇ, ਜੋ ਵੱਡੀਆਂ ਵੱਡੀਆਂ ਜੰਗਾਂ ਦੀ ਤਿਆਰੀ ਵਿਚ ਨੇ... (ਉਠਦਿਆਂ ਹੋਇਆਂ) ਫਿੱਟੇ ਮੂੰਹ ਆਲਾ ਸਿਆਂ ਤੇਰਾ, ਲੱਖ ਵਾਰ ਫਿੱਟੇ ਮੂੰਹ, ਆਪਦੇ ਟੱਬਰ ਬਾਰੇ ਵੀ ਸੋਚਦਾ ਰਿਹਾ ਤੇ ਮਿਲਿਆ ਕੀ ? ਠੋਕਰਾਂ (ਜਾਂਦਾ ਹੋਇਆ) ਫਿੱਟੇ ਮੂੰਹ ਤੇਰਾ ਆਲਾ ਸਿਆਂ, ਫਿੱਟੇ ਮੂੰਹ ਤੇਰਾ। ਤੇਰਾ ਵੀ ਫਿੱਟੇ ਮੂੰਹ (ਦਰਸ਼ਕਾਂ ਵੱਲ ਇਸ਼ਾਰਾ ਕਰਕੇ) ਇਹਨਾਂ ਦਾ ਵੀ ਫਿੱਟੇ ਮੂੰਹ, ਜਿਹੜੇ ਹਮੇਸ਼ਾਂ ਆਪਣੇ ਬਾਰੇ ਸੋਚਦੇ ਨੇ। (ਫਿੱਟੇ ਮੂੰਹ ਕਹਿੰਦਾ ਬਾਹਰ ਚਲਾ ਜਾਂਦਾ ਹੈ।)

## (ਝਾਕੀ ਦੂਜੀ)

(ਬਾਬਾ ਜੀ ਮਾਸਟਰਨੀ ਨੂੰ ਸਮਝਾਉਂਦੇ ਅੰਦਰ ਆਉਂਦੇ ਹਨ।)

ਬਾਬਾ ਜੀ : ਪਰ ਧੀਏ, ਤੂੰ ਇਹ ਕਿਉਂ ਨਹੀਂ ਸਮਝਦੀ ਕਿ ਇਹ ਖੇਡ ਖ਼ਤਰੇ ਤੋਂ ਖਾਲੀ ਨਹੀਂ, ਪਾਲਾ ਸਿੰਘ ਬਹੁਤ ਭੈੜਾ ਬੰਦਾ ਏ।

ਮਾਸਟਰਨੀ : ਖ਼ਤਰਾ ਤਾਂ ਬਾਬਾ ਜੀ ਹਰ ਖੇਡ ਵਿਚ ਹੁੰਦਾ ਏ। ਪਰ ਮੈਂ ਤੁਹਾਨੂੰ ਕਿਸੇ ਮੁਸ਼ਕਲ ਵਿਚ ਨਹੀਂ ਪਾਉਣਾ ਚਾਹੁੰਦੀ, ਜੇ ਮੇਰਾ ਤੁਹਾਡੇ ਘਰ ਰਹਿਣਾ ਕੋਈ ਖ਼ਤਰਾ ਹੈ ਤਾਂ ਮੈਂ ਇਥੋਂ ਚਲੀ ਜਾਵਾਂਗੀ।

ਬਾਬਾ ਜੀ : ਕਿਥੇ ਜਾਵੇਂਗੀ ? ਮੈਨੂੰ ਵੀ ਪਤਾ ਲੱਗੇ।

ਮਾਸਟਰਨੀ : ਪਿੰਡ 'ਚ ਕਿਸੇ ਹੋਰ ਘਰ ਰਹਿ ਲਵਾਂਗੀ।

ਬਾਬਾ ਜੀ : ਆਹੋ, ਫਿਰ ਤਾਂ ਇਲਾਕੇ ਵਿਚ ਮੇਰਾ ਬੜਾ ਜੱਸ ਹੋਵੇਗਾ ਕਿ ਬਾਬਾ ਜਵਾਲਾ ਸਿੰਘ ਕਿਸੇ ਧੀ ਭੈਣ ਦੀ ਰਖਵਾਲੀ ਨਹੀਂ ਕਰ ਸਕਦਾ।

ਮਾਸਟਰਨੀ : ਪਰ ਧੀ ਇਹ ਵੀ ਨਹੀਂ ਚਾਹੇਗੀ, ਕਿ ਉਹਦੀ ਛੇੜੀ ਹੋਈ ਜੰਗ ਵਿਚ ਕਿਸੇ ਉਸ ਵਿਅਕਤੀ ਦਾ ਨੁਕਸਾਨ ਹੋ ਜਾਵੇ, ਜਿਹੜਾ ਉਹ ਜੰਗ ਨਹੀਂ ਲੜਨਾ ਚਾਹੁੰਦਾ।

ਬਾਬਾ ਜੀ : ਤੂੰ ਕਿਹੜੀ ਜੰਗ ਦੀ ਗੱਲ ਕਰਨੀ ਏਂ ?

ਮਾਸਟਰਨੀ : ਉਹ ਜੰਗ ਜਿਹੜੀ ਇਸ ਧਰਤੀ 'ਤੇ ਨੇਕੀ ਅਤੇ ਬਦੀ ਦੇ ਦਰਮਿਆਨ ਹਮੇਸ਼ਾਂ ਲੜੀ ਗਈ।

ਬਾਬਾ ਜੀ : ਸਾਰੀ ਸਾਰੀ ਰਾਤ ਕਿਤਾਬਾਂ ਪੜ੍ਹਦੀ ਰਹਿੰਦੀ ਏਂ, ਬਹੁਤ ਕੁਝ ਹੋਵੇਗਾ ਤੇਰੇ ਕੋਲ ਕਹਿਣ ਵਾਲਾ। ਅੱਜ ਮੈਂ ਸੁਣਨਾ ਚਾਹਾਂਗਾ।

ਮਾਸਟਰਨੀ : (ਉਸੇ ਰੌਂ ਵਿਚ) ਹੁਣ ਬਾਬਾ ਜੀ ਆਪਦੇ ਪੰਜਾਬ ਨੂੰ ਹੀ ਲੈ ਲਵੋ, ਲੋਕ ਆਖਦੇ ਨੇ ਪੰਜਾਬ ਵਿਚ ਜੋ ਜੰਗ ਲੜੀ ਜਾ ਰਹੀ ਏ, ਉਹ ਕਿਸੇ ਪੰਥਕ ਲਹਿਰ ਤੇ ਸਰਕਾਰ ਦੇ ਦਰਮਿਆਨ ਲੜੀ ਜਾ ਰਹੀ ਏ, ਪਰ ਇਹ ਗ਼ਲਤ ਏ।

ਬਾਬਾ ਜੀ : ਕਿਉਂ ਇਸ ਵਿਚ ਕੀ ਗ਼ਲਤ ਏ ?

ਮਾਸਟਰਨੀ : ਗ਼ਲਤ ਇਹ ਵੇ ਕਿ ਇਸ ਜੰਗ ਵਿਚ ਦੋਨੋਂ ਪਾਸੇ ਘੁਸਪੈਠੀਏ ਨੇ ਜਿਹੜੇ ਦਾਅ ਲਗਾਉਣਾ ਚਾਹੁੰਦੇ ਨੇ, ਲੁੱਟਾਂ-ਖੋਹਾਂ ਕਰਦੇ ਨੇ, ਧੀਆਂ ਭੈਣਾਂ ਦੀਆਂ ਇੱਜ਼ਤਾਂ 'ਤੇ ਡਾਕੇ ਮਾਰਦੇ ਨੇ। ਕਦੀ ਉਹ ਖ਼ਾਲਿਸਤਾਨੀ ਬਾਣੇ ਵਿਚ ਹੁੰਦੇ ਨੇ ਤੇ ਕਦੀ ਪੁਲਿਸ ਦੀ ਵਰਦੀ ਵਿਚ ਹੁੰਦੇ ਨੇ। ਇਸ ਧਰਤੀ ਦੇ ਹਰ ਪੁੱਤਰ ਦਾ, ਹਰ ਧੀ ਦਾ ਇਹ ਫਰਜ਼ ਬਣਦਾ ਏ ਕਿ ਇਹਨਾਂ ਗ਼ਲਤ ਸ਼ਕਤੀਆਂ ਦੇ ਵਿਰੁੱਧ ਜੰਗ ਕਰੇ।

ਬਾਬਾ ਜੀ : ਤੇ ਨੰਗਲਾਂ ਸਕੂਲ ਦੀ ਮਾਸਟਰਨੀ ਦਾ ਇਹ ਖ਼ਿਆਲ ਏ, ਕਿ ਉਹ ਜੰਗ ਇਕੱਲਿਆਂ ਲੜ ਸਕਦੀ ਏ।

ਮਾਸਟਰਨੀ : ਨਹੀਂ ਬਾਬਾ ਜੀ ਇਕੱਲਿਆਂ ਕੋਈ ਨਹੀਂ ਲੜ ਸਕਦਾ। ਮੇਰੇ ਕੋਲ ਤਾਂ ਇਕ ਇਰਾਦਾ ਏ, ਇਕ ਸੋਚ ਏ, ਮੈਂ ਤਾਂ ਕਹਿੰਦੀ ਹਾਂ ਕਿ ਸਧਾਰਨ ਬੰਦੇ ਲਈ ਦੇਸ਼ ਦੀ ਖੰਡਤਾ ਅਖੰਡਤਾ ਕੋਈ ਮਸਲਾ ਨਹੀਂ, ਲੀਡਰਾਂ ਲਈ ਭਾਵੇਂ ਹੋਵੇ, ਸਾਧਾਰਨ ਆਦਮੀ ਦੀ ਜੰਗ ਤਾਂ ਇਸ ਗੱਲ ਦੀ ਹੈ ਕਿ ਉਹਨੂੰ ਜੀਣ ਦਿੱਤਾ ਜਾਏ, ਉਹਦੇ ਬੱਚੇ ਸਕੂਲ ਜਾਣ, ਸਕੂਲ ਪੜ੍ਹਦਿਆਂ ਪੜ੍ਹਾਂਦਿਆਂ ਧੀਆਂ ਭੈਣਾਂ ਦੀ ਇੱਜ਼ਤ ਦੀ ਰਖਵਾਲੀ ਹੋਵੇ, ਸਹਿਮ ਨਾ ਹੋਵੇ, ਡਰ ਨਾ ਹੋਵੇ, ਗੋਲੀਆਂ ਨਾ ਚੱਲਣ, ਬੰਬ ਨਾ ਫਟਣ, ਬਜ਼ੁਰਗਾਂ ਦੀ ਇੱਜ਼ਤ ਸੱਥ ਵਿਚ ਨਾ ਰੌਲੀ ਜਾਵੇ, ਉਹਨਾਂ ਦੀਆਂ ਦਾੜ੍ਹੀਆਂ ਨਾ ਪੁੱਟੀਆਂ ਜਾਣ, ਤੇ ਬਾਬਾ ਜੀ ਜਦੋਂ ਅਮਨ ਸ਼ਾਂਤੀ ਹੁੰਦੀ ਏ ਤਾਂ ਫੇਰ ਪਾਲਾ ਸਿੰਘ ਵਰਗਿਆਂ ਦੇ ਦਾਅ ਨਹੀਂ ਲੱਗਦੇ... ਬਾਬਾ ਜੀ ਕਹਿੰਦੇ ਨੇ ਪਾਲਾ ਸਿੰਘ ਦੇ ਬਾਪੂ ਨੇ ਤੀਆਂ ਲੱਗੀਆਂ ਵਿਚੋਂ ਜੁੰਮੇ ਘੁਮਿਆਰ ਦੀ ਧੀ ਨੂੰ ਧੂਹ ਲਿਆ ਸੀ, ਉਸ ਵੇਲੇ ਪਿੰਡ ਦੇ ਲੋਕ ਕਿੱਥੇ ਸਨ ? ਕਿਸੇ ਨੇ ਉਹਦੀ ਮਦਦ ਕਿਉਂ ਨਾ ਕੀਤੀ ?

ਬਾਬਾ ਜੀ : ਮਦਦ ਕਰਨਾ ਚਾਹੁੰਦਿਆਂ ਹੋਇਆਂ ਵੀ ਕੋਈ ਨਹੀਂ ਕਰ ਸਕਿਆ ਸੀ ਕਿਉਂਕਿ ਉਸੇ ਸ਼ਾਮ ਪਾਕਿਸਤਾਨ ਵਾਲੇ ਰੌਲੇ ਪੈ ਗਏ, ਨਾਲ

ਦੇ ਪਿੰਡ ਮੁਸਲਮਾਨਾਂ ਉਤੇ ਹਮਲਾ ਹੋ ਗਿਆ, ਵੇਖਦਿਆਂ ਵੇਖਦਿਆਂ ਘਰਾਂ ਨੂੰ ਅੱਗ ਲੱਗ ਗਈ।

ਮਾਸਟਰਨੀ : ਤੇ ਬਾਬਾ ਜੀ ਜੁੰਮੇ ਘੁਮਿਆਰ ਦਾ ਕੀ ਬਣਿਆ, ਕੀ ਉਹ ਪਾਕਿਸਤਾਨ ਚਲਿਆ ਗਿਆ।

ਬਾਬਾ ਜੀ : ਨਹੀਂ ਧੀਏ ਇਥੇ ਹੀ ਰਿਹਾ ਸੀ। ਧੀ ਦੇ ਗ਼ਮ ਵਿਚ ਰੋ ਰੋ ਕੇ ਉਹਦੀਆਂ ਅੱਖਾਂ ਦੀ ਨੀਂਝ ਵੀ ਜਾਂਦੀ ਰਹੀ। ਸਾਰਾ ਦਿਨ ਘਰੇ ਹੀ ਪਿਆ ਰਹਿੰਦਾ, ਜਿੰਨਾਂ ਚਿਰ ਜੀਉਂਦਾ ਰਿਹਾ ਰੋਟੀ ਉਹਦੇ ਲਈ ਸਾਡੇ ਘਰੋਂ ਹੀ ਜਾਂਦੀ, ਕਦੀ ਖਾ ਛੱਡਦਾ ਤੇ ਕਦੀ ਨਾ ਖਾਂਦਾ। ਆਖ਼ਰੀ ਸਾਹ ਵੀ ਉਹਨੇ ਮੇਰੇ ਹੀ ਹੱਥਾਂ ਵਿਚ ਲਿਆ ਸੀ, ਬੂਹੇ ਵੱਲ ਤੱਕਦਾ ਰਹਿੰਦਾ ਜਿਸ ਤਰ੍ਹਾਂ ਉਹਨੂੰ ਆਪਣੀ ਧੀ ਬੇਗਮੋ ਦੀ ਉਡੀਕ ਏ ਕਦੀ ਕਦੀ ਰਾਤ ਨੂੰ ਉਹਦੀ ਅਵਾਜ਼ ਸਾਰੇ ਪਿੰਡ ਵਿਚ ਗੂੰਜਦੀ ਸੀ 'ਜੁੰਮਾ ਜ਼ੁੰਮੇਵਾਰ ਨਹੀਂ, ਗੁੱਡਿਆਂ ਦਾ ਅਵਤਾਰ ਨਹੀਂ, ਤੀਆਂ ਨਾ ਕਰੋ ਬਈ ਓ।' ਪਤਾ ਨਹੀਂ ਵਿਚਾਰੀ ਬੇਗਮੋ ਦਾ ਕੀ ਬਣਿਆ... ਕਹਿੰਦੇ ਨੇ ਕ੍ਰਿਪਾਲਾ ਉਹਦੇ ਨਾਲ ਪਹਿਲੇ ਖੱਜਲ ਖੁਆਰੀ ਕਰਦਾ ਰਿਹਾ ਤੇ ਫੇਰ ਕਲਕੱਤੇ ਕਿਧਰੇ ਵੇਚ ਆਇਆ।

ਮਾਸਟਰਨੀ : ਕ੍ਰਿਪਾਲਾ ?

ਬਾਬਾ ਜੀ : ਹਾਂ ਕ੍ਰਿਪਾਲਾ, ਇਸ ਪਾਲੇ ਦਾ ਪਿਓ, ਇਕ ਨੰਬਰ ਦਾ ਵੈਲੀ ਤੇ ਇਹ ਪਾਲਾ ਵੀ ਉਹਦੇ 'ਤੇ ਗਿਆ ਏ।

ਮਾਸਟਰਨੀ : ਫੇਰ ਬੇਗਮੋ ਦੀ ਕੋਈ ਖ਼ਬਰ ਆਈ ?

ਬਾਬਾ ਜੀ : ਖ਼ਬਰ ਕਿਥੋਂ ਆਉਣੀ ਸੀ। ਕਲਕੱਤੇ ਤੇ ਬੰਬਈ ਦੇ ਕੋਠਿਆਂ ਦੇ ਜੰਗਲਾਂ ਵਿਚ ਕਿਤੇ ਗੁੰਮ ਹੋ ਗਈ ਹੋਣੀ ਏ।

ਮਾਸਟਰਨੀ : ਹਾਂ, ਗੁੰਮ ਹੋ ਗਈ ਹੋਣੀ ਏ ਭਾਵੇਂ ਜਿਥੇ ਕਿਸੇ ਨੇ ਬਚਪਨ ਗੁਜ਼ਾਰਿਆ ਹੋਵੇ ਕੌਣ ਭੁੱਲ ਸਕਦਾ ਏ ?

ਬਾਬਾ ਜੀ : ਮੈਂ ਉਹਨਾਂ ਦਿਨਾਂ ਵਿਚ ਡਾਇਰੀ ਲਿਖਦਾ ਹੁੰਦਾ ਸੀ। ਮੈਂ ਸਭ ਕੁਝ ਡਾਇਰੀ ਵਿਚ ਲਿਖਿਆ ਏ ਤੈਨੂੰ ਕਿਸੇ ਵੇਲੇ ਪੜ੍ਹਾਵਾਂਗਾ।

ਮਾਸਟਰਨੀ : ਕਿਸੇ ਵੇਲੇ ਕਿਉਂ ਬਾਬਾ ਜੀ ਮੈਂ ਤਾਂ ਅੱਜ ਹੀ ਪੜ੍ਹਾਂਗੀ ਤੇ ਅੱਜ ਹੀ ਕਿਉਂ, ਹੁਣੇ ਪੜ੍ਹਨਾ ਚਾਹਵਾਂਗੀ।

ਬਾਬਾ ਜੀ : ਅੱਛਾ ਮੈਂ ਲਿਆ ਕੇ ਦੇਨਾ ਹਾਂ।

*(ਬਾਬਾ ਜੀ ਅੰਦਰ ਜਾਂਦੇ ਹਨ।)*

ਮਾਸਟਰਨੀ : (ਆਪਣੇ ਆਪ ਨੂੰ) ਬਾਬਾ ਜੀ ਕਹਿੰਦੇ ਨੇ ਬੇਗਮੋ ਕਲਕੱਤਾ ਬੰਬਈ ਦੇ ਕੋਠਿਆਂ ਵਿਚ ਗੁੰਮ ਹੋ ਗਈ ਹੋਣੀ ਏ, ਨਹੀਂ ਉਹ ਗੁੰਮ ਨਹੀਂ ਹੋਈ ਕੁਝ ਸਾਲਾਂ ਦੀ ਖੇਹ ਖ਼ਰਾਬੀ ਤੋਂ ਬਾਅਦ ਇਕ ਮੇਹਰਬਾਨ ਦੇ

ਨਾਲ ਆਪਣਾ ਘਰ ਵਸਾਇਆ ਤੇ ਫੇਰ ਇਕ ਧੀ ਨੂੰ ਜਨਮ ਦਿੱਤਾ। ਬੰਗਾਲ ਵਿਚ ਜਦੋਂ ਇਨਕਲਾਬੀ ਲਹਿਰ ਉਠੀ ਤੇ ਉਹ ਕੁੜੀ ਛੋਟੀ ਜਿਹੀ ਸੀ। ਬੇਗਮੋ ਨੇ ਇਕ ਦਿਨ ਸਾਰੀ ਕਹਾਣੀ ਉਸ ਧੀ ਨੂੰ ਸੁਣਾਈ ਤੇ ਨਿੱਕੀ ਜਿਹੀ ਧੀ ਨੇ ਇਰਾਦਾ ਬਣਾਇਆ ਕਿ ਇਕ ਨਾ ਇਕ ਦਿਨ ਆਪਣੇ ਨਾਨਕੇ ਪਿੰਡ ਜਾਏਗੀ ਤੇ ਆਪਣੀ ਮਾਂ 'ਤੇ ਹੋਏ ਜ਼ੁਲਮਾਂ ਦਾ ਬਦਲਾ ਲਵੇਗੀ। (ਬਾਬਾ ਜੀ ਆਉਂਦੇ ਹਨ।)

ਬਾਬਾ ਜੀ : ਲੈ ਧੀਏ ਪੜ੍ਹ ਲੈ, ਇਸ ਵਿਚ ਉਹਨਾਂ ਦਿਨਾਂ ਦੀ ਸਾਰੀ ਕਹਾਣੀ ਏ, ਇਹਨੂੰ ਸਾਂਭ ਕੇ ਰੱਖੀਂ।

ਮਾਸਟਰਨੀ : ਬਾਬਾ ਜੀ, ਇਹ ਤਾਂ ਮੇਰੇ ਕੋਲ ਤੁਹਾਡੀ ਅਮਾਨਤ ਏ, ਕੀਮਤੀ ਅਮਾਨਤ ਏ, (ਘੜੀ ਵੱਲ ਵੇਖਦੀ ਹੋਈ) ਬਾਬਾ ਜੀ ਮੇਰੇ ਸਕੂਲ ਜਾਣ ਦਾ ਵਕਤ ਹੋ ਗਿਆ ਏ। (ਜਾਂਦੀ ਹੈ)

ਬਾਬਾ ਜੀ : ਬੜੀ ਹਿੰਮਤ ਵਾਲੀ ਕੁੜੀ ਏ। ਇਸ ਤੋਂ ਚੰਗਾ ਇਹ ਵੇ ਕਿ ਇਹ ਮਾਸਟਰਨੀ ਏ, ਜੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਮਾਸਟਰ ਤੇ ਮਾਸਟਰਨੀਆਂ ਇਸ ਤਰ੍ਹਾਂ ਹਿੰਮਤ ਵਾਲੇ ਹੋਣ ਤਾਂ ਜ਼ਿੰਦਗੀ ਵਿਚ ਬਹੁਤ ਕੁਝ ਜੋ ਗ਼ਲਤ ਹੈ, ਉਹਨੂੰ ਠੀਕ ਕੀਤਾ ਜਾ ਸਕਦਾ ਏ।

*(ਚੌਕੀਦਾਰ ਆਉਂਦਾ ਹੈ।)*

ਚੌਕੀਦਾਰ : ਵਾਹਿਗੁਰੂ ਜੀ ਕੀ ਫਤਿਹ ਬਾਬਾ ਜੀ।

ਬਾਬਾ ਜੀ : ਵਾਹਿਗੁਰੂ ਜੀ ਕੀ ਫਤਿਹ ਆਲਾ ਸਿਆਂ।

ਚੌਕੀਦਾਰ : ਬਾਬਾ ਜੀ ਤੁਹਾਡੀ ਇਨਕਲਾਬ ਵਾਲੀ ਫੱਟੀ ਤਾਂ ਪੋਚੀ ਗਈ ਰੂਸ ਵਿਚ, ਹੁਣ ਤੁਹਾਡਾ ਕੀ ਪ੍ਰੋਗਰਾਮ ਏ ?

ਬਾਬਾ ਜੀ : ਕੀ ਮਤਲਬ ?

ਚੌਕੀਦਾਰ : ਮਤਲਬ ਇਹ ਕਿ ਹੁਣ ਤੁਸੀਂ ਲੋਕਾਂ ਨੂੰ ਕੀ ਕਹੋਗੇ ਬਈ ਕਿਹੋ ਜਿਹਾ ਰਾਜ ਹੋਵੇ ?

ਬਾਬਾ ਜੀ : ਇਹੀ ਕਹਾਂਗੇ ਕਿ ਐਸਾ ਲਿਆਉ, ਜਿਸ ਵਿਚ ਹਰ ਇਕ ਨੂੰ ਬਰਾਬਰੀ ਮਿਲੇ, ਕੋਈ ਉਚਾ ਨੀਵਾਂ ਨਾ ਹੋਵੇ, ਉਂਝ ਤੇਰੇ ਕੋਲੋਂ ਇਕ ਗੱਲ ਪੁੱਛਾਂ ਆਲਾ ਸਿਆਂ ?

ਚੌਕੀਦਾਰ : ਪੁੱਛੋ, ਬਾਬਾ ਜੀ ਇਕ ਗੱਲ ਕੀ ਸੌ ਪੁੱਛੋ।

ਬਾਬਾ ਜੀ : ਰੂਸ ਵਿਚ ਇਨਕਲਾਬ ਨੂੰ ਸੱਟ ਵੱਜਣ 'ਤੇ ਇਹ ਤਾਂ ਮੈਂ ਸਮਝ ਸਕਦਾ ਸਰਦਾਰ ਬਹਾਦੁਰ ਕਰਨੈਲ ਸਿੰਘ ਖੁਸ਼ ਹੋਏਗਾ, ਰਾਏ ਬਹਾਦੁਰ ਬਦਰੀ ਦਾਸ ਖੁਸ਼ ਹੋਏਗਾ, ਪਰ ਮੈਂ ਸਮਝ ਨਹੀਂ ਸਕਦਾ ਕਿ ਤੇਰੇ ਵਰਗੇ ਜਿਹੜੇ ਦੋ ਵੇਲੇ ਦੀ ਰੋਟੀ ਤੋਂ ਆਵਾਜ਼ਾਰ ਹੋਣ ਤੇ ਜਿਨ੍ਹਾਂ ਦੀ ਖ਼ਾਤਰ ਅਸੀਂ ਉਮਰ ਸਾਰੀ ਸੰਘਰਸ਼ ਕੀਤਾ ਹੋਵੇ, ਉਹ ਕਿਉਂ

ਖੁਸ਼ ਹੋਣ ?

ਚੌਂਕੀਦਾਰ : ਨਹੀਂ ਬਾਬਾ ਜੀ ਅਸੀਂ ਤਾਂ ਖੁਸ਼ ਨਹੀਂ।

ਬਾਬਾ ਜੀ : ਫੇਰ ਤੁਸੀਂ ਮੇਰੇ ਤੋਂ ਸੁਆਲ ਪੁੱਛਣ ਦੀ ਥਾਂ ਆਪਣੇ ਕੋਲੋਂ ਪੁੱਛੋ ਕਿ ਜਿਹੜਾ ਸਿਧਾਂਤ ਤੁਹਾਨੂੰ ਵਿਸ਼ਵਾਸ਼ ਦੇਂਦਾ ਹੈ ਕਿ ਤੁਸੀਂ ਵੀ ਬੰਦੇ ਹੋ ਤੇ ਬੰਦਿਆਂ ਵਾਕੁਣ ਜੀਣ ਦਾ ਹੱਕ ਰੱਖਦੇ ਹੋ। ਉਹਦੀ ਇਕ ਮੋਰਚੇ ਤੇ ਹਾਰ ਹੋਣ ਕਰਕੇ ਖੁਸ਼ ਕਿਉਂ ਹੋਇਆ ਜਾਏ ?

ਚੌਂਕੀਦਾਰ : (ਗੱਲ ਪਰਤ ਕੇ) ਬਾਬਾ ਜੀ ਤੁਹਾਡੇ ਕੋਲੋਂ ਇਕ ਗੱਲ ਪੁੱਛਣੀ ਏ ?

ਬਾਬਾ ਜੀ : ਪੁੱਛ।

ਚੌਂਕੀਦਾਰ : ਬਾਬਾ ਜੀ, ਤੁਸੀਂ ਜੁੰਮੇ ਘੁਮਿਆਰ ਦੀ ਧੀ ਬੇਗਮੋ ਨੂੰ ਜਾਣਦੇ ਸੀ ?

ਬਾਬਾ ਜੀ : ਲੈ ਜਾਣਦਾ ਕਿਉਂ ਨਹੀਂ ਸੀ, ਮੇਰੇ ਹੱਥਾਂ ਵਿਚ ਤੇ ਜੰਮੀ ਪਲੀ ਸੀ।

ਚੌਂਕੀਦਾਰ : ਜਦੋਂ ਕ੍ਰਿਪਾਲਾ ਉਹਨੂੰ ਤੀਆਂ ਵਿਚੋਂ ਧੂਹ ਕੇ ਲੈ ਗਿਆ ਸੀ, ਉਸ ਵੇਲੇ ਦੀ ਸ਼ਕਲ ਤੁਹਾਨੂੰ ਯਾਦ ਏ ?

ਬਾਬਾ ਜੀ : ਯਾਦ ਏ, ਭਲਾ ਉਸ ਵੇਲੇ ਪਿੰਡ ਉਤੇ ਲੱਗੇ ਦਾਗ਼ ਨੂੰ ਕਿਵੇਂ ਭੁੱਲ ਸਕਦਾ ਕੋਈ, ਪਰ ਕਹਿਣਾ ਕੀ ਚਾਹੁੰਦਾ ਏਂ ?

ਚੌਂਕੀਦਾਰ : ਕੀ ਮਾਸਟਰਨੀ ਦੀ ਸ਼ਕਲ ਬੇਗਮੋ ਵਰਗੀ ਨਹੀਂ ?

ਬਾਬਾ ਜੀ : (ਸੋਚ ਕੇ) ਹਾਂ ਬਿਲਕੁਲ ਉਹਦੇ ਵਰਗੀ ਏ।

ਚੌਂਕੀਦਾਰ : ਬਸ ਹੁਣ ਗੱਲ ਸਾਫ਼ ਹੋ ਗਈ।

ਬਾਬਾ ਜੀ : ਉਏ ਕੀ ਸਾਫ਼ ਹੋ ਗਈ ? ਕਿਉਂ ਘੁਣਤਰੀਆਂ ਵਾਲੀਆਂ ਗੱਲਾਂ ਪਿਆ ਕਰਨਾ ਏਂ ?

ਚੌਂਕੀਦਾਰ : ਬਾਬਾ ਜੀ, ਹੋਵੇ ਨਾ ਹੋਵੇ ਇਹ ਮਾਸਟਰਨੀ ਹੀ ਬੇਗਮੋ ਦੀ ਧੀ ਹੋਵੇ, ਜਿਹੜੀ ਸਾਰੇ ਪਿੰਡ ਛੱਡ ਕੇ ਇਸ ਪਿੰਡ ਨੌਕਰੀ ਕਰਨ ਆਈ ਏ ਤਾਂ ਇਹਦੇ ਵਿਚ ਜ਼ਰੂਰ ਕੋਈ ਰਾਜ਼ ਏ, ਬਾਕੀ ਬਾਬਾ ਜੀ ਰੂਸ ਵਾਲੀ ਗੱਲ ਤਾਂ ਮੈਂ ਐਵੇਂ ਹੀ ਕਰ ਦਿੱਤੀ ਸੀ। ਸੱਚ ਵਿਚ ਲੋਕ ਕੰਜਰ ਦੇ ਗੱਲਾਂ ਕਰਦੇ ਸਨ, ਅਖੇ ਕਾਮਰੇਡਾਂ ਨੇ 70 ਸਾਲ ਰੇੜਕਾ ਪਾਈ ਰੱਖਿਆ ਕਿ ਇਨਕਲਾਬ ਆਏਗਾ, ਹੁਣ ਇਨਕਲਾਬ ਵਾਲੀ ਫੱਟੀ ਤਾਂ ਪੋਚੀ ਗਈ, ਪਰ ਬਾਬਾ ਜੀ ਮੈਂ ਸਮਝਦਾ ਹਾਂ ਕਿ ਜਿੰਨਾਂ ਚਿਰ ਸ਼ੋਹਦੇ ਬੰਦੇ ਉਤੇ ਜ਼ੁਲਮ ਤੇ ਅਤਿਆਚਾਰ ਹੁੰਦਾ ਰਹੇਗਾ, ਇਨਕਲਾਬ ਵਾਲੀ ਫੱਟੀ ਕੋਈ ਨਹੀਂ ਪੋਚ ਸਕਦਾ। (ਜਾਂਦਾ ਹੈ।)

ਬਾਬਾ ਜੀ : ਠੀਕ ਕਹਿੰਦਾ ਏ ਆਲਾ ਸਿਆਂ, ਜਿੰਨਾ ਚਿਰ ਧਰਤੀ 'ਤੇ ਬੇਇਨਸਾਫ਼ੀ ਰਹੇਗੀ, ਇਨਕਲਾਬ ਦੀ ਗੱਲ ਤਾਂ ਕਿਸੇ ਨਾ ਕਿਸੇ ਰੂਪ ਵਿਚ ਚਲਦੀ ਰਹੇਗੀ, ਕੌਣ ਜੰਮਿਆ ਫੱਟੀਆਂ ਪੋਚਣ ਵਾਲਾ।

*(ਫੇਡ ਆਊਟ)*

(ਸੀਨ ਚੌਥਾ)

ਚੌਂਕੀਦਾਰ : ਲੈ ਧੀਏ, ਭਾਵੇਂ ਹਨੇਰਾ ਹੋ ਗਿਆ, ਪਰ ਮੈਂ ਘਰ ਘਰ ਇਤਲਾਹ ਦੇ ਆਇਆ ਹਾਂ ਕਿ ਸਵੇਰੇ ਸਕੂਲ ਵਿਚ ਸਭਿਆਚਾਰਕ ਪ੍ਰੋਗਰਾਮ ਹੋਣਾ ਹੈ, ਸਾਰੇ ਜ਼ਰੂਰ ਆਓ।

ਮਾਸਟਰਨੀ : ਫੇਰ ਲੋਕ ਆਉਣਗੇ ?

ਚੌਂਕੀਦਾਰ : ਦਿਨ ਵੇਲੇ ਕਿਉਂ ਨਹੀਂ ਆਉਣਗੇ ? ਉਂਝ ਸਹਿਮ ਲੋਕਾਂ ਵਿਚ ਪਿਆ ਹੋਇਆ ਏ ਇਕੱਠ ਵਿਚ ਕੋਈ ਬੰਬ ਨਾ ਚਲ ਜਾਏ। ਧੀਏ, ਜੋ ਇਹ ਸਭ ਕੁਝ ਹੋ ਰਿਹਾ ਏ, ਬੰਦੇ ਜਿਹੜੇ ਮਰਦੇ ਨੇ, ਉਹਨਾਂ ਦਾ ਜ਼ਿੰਮੇਵਾਰ ਕੌਣ ਏ ?

ਮਾਸਟਰਨੀ : ਚਾਚਾ ਜਿਹੜੇ ਮਾਰਦੇ ਨੇ ਉਹੀ ਜ਼ਿੰਮੇਵਾਰ ਨੇ।

ਚੌਂਕੀਦਾਰ : ਦੁਨੀਆ ਕਹਿੰਦੀ ਏ ਇਹ ਲਹਿਰ ਸਰਕਾਰ ਦੇ ਵਿਰੁੱਧ ਸ਼ੁਰੂ ਹੋਈ ਏ। ਨੌਜਵਾਨਾਂ ਨੂੰ ਰੋਜ਼ਗਾਰ ਨਾ ਮਿਲੇ, ਬੱਸਾਂ ਵਿਚ ਧੱਕੇ ਤੇ ਧੱਕਾ ਲੱਗੇ, ਹਸਪਤਾਲ, ਥਾਣੇ ਵਿਚ ਕਿਸੇ ਸਧਾਰਨ ਬੰਦੇ ਦੀ ਪੁੱਛ ਨਾ, ਇਹੋ ਜਿਹੇ ਪ੍ਰਬੰਧ ਦੇ ਵਿਰੁੱਧ ਆਵਾਜ਼ ਤੇ ਉੱਠਣੀ ਚਾਹੀਦੀ ਹੈ। ਪਰ ਇਹ ਬੇਦੋਸ਼ਿਆਂ ਦੀ ਮਾਰਧਾੜ ਤਾਂ ਮੇਰੀ ਸਮਝ ਤੋਂ ਬਾਹਰ ਏ, ਹੁਣ ਤੂੰ ਹੀ ਦੱਸ ਧੀਏ ਕਿ ਇਹ ਬੰਦਿਆਂ ਵਾਲੇ ਕੰਮ ਨੇ ?

ਮਾਸਟਰਨੀ : ਕਿਹੜੇ ਚਾਚਾ ?

ਚੌਂਕੀਦਾਰ : ਉਹ ਜਿਹੜੀਆਂ ਖੋਹਾਂ ਹੁੰਦੀਆਂ ਨੇ, ਰਾਤ ਪਏ ਘਰਾਂ ਵਿਚ ਜਾ ਵੜਦੇ ਨੇ, ਨਾਲੇ ਰੋਟੀਆਂ ਖਾਂਦੇ ਨੇ ਨਾਲੇ ਘਰ ਵਾਲਿਆਂ ਦੀਆਂ ਇੱਜ਼ਤਾਂ ਲੁੱਟਦੇ ਨੇ, ਇਹ ਕੋਈ ਗੁਰੂ ਗੋਬਿੰਦ ਸਿੰਘ ਵਾਲੇ ਕਾਰੇ ਨੇ ?

ਮਾਸਟਰਨੀ : ਪਰ ਚਾਚਾ ਪੰਥਕ ਆਗੂ ਤੇ ਬਿਆਨ ਦੇਂਦੇ ਨੇ ਕਿ ਇਹ ਸਾਡੇ ਬੰਦੇ ਨਹੀਂ, ਇਹ ਸਾਡੀ ਲਹਿਰ ਨੂੰ ਬਦਨਾਮ ਕਰਨ ਲਈ ਇਹੋ ਜਿਹੇ ਕਾਰੇ ਕਰਦੇ ਨੇ।

ਚੌਂਕੀਦਾਰ : ਫੇਰ, ਉਹ ਉਹਨਾਂ ਨੂੰ ਨੱਥ ਪਾਉਣ।

ਮਾਸਟਰਨੀ : ਉਹ ਤਾਂ ਰੋਜ਼ ਇਹ ਕਹਿੰਦੇ ਨੇ ਕਿ ਇਹਨਾਂ ਬੰਦਿਆਂ ਬਾਰੇ ਇਤਲਾਹ ਦਿੱਤੀ ਜਾਵੇ।

ਚੌਂਕੀਦਾਰ : ਪਰ ਕੋਈ ਇਤਲਾਹ ਕਿਥੇ ਦੇਵੇ ? ਕਿਸੇ ਦਾ ਥਹੁ ਪਤਾ ਹੋਵੇ ਤਾਂ ਹੀ... ਨਾ ਜਿਹੜੇ ਲਹਿਰਾਂ ਚਲਾਉਂਦੇ ਨੇ, ਇਹ ਉਹਨਾਂ ਦੀ ਜ਼ਿੰਮੇਵਾਰੀ ਏ ਕਿ ਉਹ ਵੇਖਣ ਕਿ ਐਸੀ ਕਾਰਵਾਈ ਕੋਈ ਨਾ ਹੋਵੇ। ਹੁਣ ਆਪਣੇ ਪਿੰਡ ਦਾ ਪਾਲਾ ਸਿੰਘ ਹੀ ਲੈ ਲਵੋ ਜਾਂ ਬਖ਼ਤਾਵਰਾ ਲੈ ਲਵੋ, ਇਹ ਕਿਸੇ ਕੋਲੋਂ ਭੁੱਲੇ ਹੋਏ ਨੇ, ਪਰ ਇਹਨਾਂ ਦੀ ਤਾਂ ਸ਼ਹਿ ਮੱਚੀ ਹੋਈ ਏ। ਕਦੇ ਉਹਨਾਂ ਪੰਥਕ ਆਗੂਆਂ ਵਿਚੋਂ ਕੋਈ ਮਿਲੇ

ਤਾਂ ਪੁੱਛਾਂ ਕਿ ਭਲਿਓ ਲੋਕੋ ਲੜੋ, ਸਰਕਾਰ ਨਾਲ ਜੀ ਸਦਕੇ ਲੜੋ, ਪਰ ਇਹਨਾਂ ਪਾਲਿਆਂ ਵਰਗਿਆਂ ਨੂੰ ਵੀ ਨੱਥ ਪਾਓ... (ਜਾਂਦਿਆਂ ਹੋਇਆਂ) ਅੱਛਾ ਧੀਏ ਮੈਂ ਜਾਂਦਾ ਹਾਂ ਕੁੰਡੀ ਮਾਰ ਲਈ ? ਬਾਬਾ ਜੀ ਅੱਜ ਵਾਂਢੇ ਗਏ ਨੇ ਜੇ ਆਖੇਂ ਤਾਂ ਮੈਂ ਹੀ ਰਾਤ ਇਥੇ ਰਹਿ ਜਾਂਦਾ ਹਾਂ। ਘਰ ਮੇਰੇ ਕਿਹੜੀ ਕੋਈ ਚੂੜੇ ਵਾਲੇ ਉਡੀਕਦੀ ਏ।

ਮਾਸਟਰਨੀ : ਨਹੀਂ ਚਾਚਾ ਕਿਸੇ ਗੱਲ ਦਾ ਫਿਕਰ ਨਹੀਂ। ਬਸ ਤੂੰ ਘਰ ਜਾ।

ਚੌਕੀਦਾਰ : ਹਾਂ ਕੁੰਡੀ ਲਾ ਲੈ।

*(ਦੋਨੋ ਜਾਂਦੇ ਹਨ, ਮਾਸਟਰਨੀ ਵਾਪਸ ਆ ਜਾਂਦੀ ਹੈ।)*

ਮਾਸਟਰਨੀ : ਜੇ ਕੱਲ੍ਹ ਦਾ ਪ੍ਰੋਗਰਾਮ ਕਾਮਯਾਬ ਹੋ ਗਿਆ, ਫੇਰ ਪਿੰਡ ਵਿਚ ਕਿਸੇ ਵੈਲੀ ਦੀ ਹਿੰਮਤ ਨਹੀਂ ਹੋਣੀ ਕਿਸੇ ਦੀਧੀ ਭੈਣ ਵੱਲ ਭੈੜੀ ਨਜ਼ਰ ਰੱਖੇ।

*(ਦਰਵਾਜ਼ਾ ਖੜਕਦਾ ਹੈ ਮਾਸਟਰਨੀ ਦਰਵਾਜ਼ਾ ਖੋਲ੍ਹਦੀ ਹੈ ਤੇ ਪਿੱਛੇ ਪਿੱਛੇ ਪਾਲਾ ਸਿੰਘ ਆਉਂਦਾ ਹੈ।)*

ਮਾਸਟਰਨੀ : ਤੂੰ ਇਥੇ ਕਿਸ ਤਰ੍ਹਾਂ ਆਇਆ ਏਂ ?

ਪਾਲਾ ਸਿੰਘ : ਰਾਤ ਦੇ ਹਨ੍ਹੇਰੇ ਵਿਚ ਇਕ ਬੰਦਾ ਕੱਲੀ ਕਾਰੀ ਤੀਵੀ ਕੋਲ ਕਿਉਂ ਆਉਂਦਾ ਏ ?

ਮਾਸਟਰਨੀ : ਤੂੰ, ਇਹ ਕੁੰਡੀ ਕਿਉਂ ਅੜਾਈ ?

ਪਾਲਾ ਸਿੰਘ : ਬੰਦਾ ਇਹੋ ਜਿਹੇ ਵੇਲੇ ਕੁੰਡੀ ਕਿਉਂ ਅੜਾਉਂਦਾ ਏ ?

ਮਾਸਟਰਨੀ : ਜਾਨ ਚਾਹੁੰਦਾ ਏਂ ਤਾਂ ਇਥੋਂ ਨਿਕਲ ਜਾ।

ਪਾਲਾ ਸਿੰਘ : ਨਿਕਲਣ ਵਾਸਤੇ ਥੋੜ੍ਹਾ ਆਇਆ ਹਾਂ।

ਮਾਸਟਰਨੀ : ਮੈਂ ਰੌਲਾ ਪਾ ਦੇਵਾਂਗੀ।

ਪਾਲਾ ਸਿੰਘ : ਕੌਣ ਸੁਣੇਗਾ ਤੇਰਾ ਉਹ ਰੌਲਾ ? ਤੇਰੇ ਉਹ ਬਾਬਾ ਜੀ ਤਾਂ ਇਥੇ ਨਹੀਂ ਮੇਰੀ ਗੱਲ ਮੰਨ ਲੈ, ਅਸੀਂ ਸੁਲਾਹ ਕਰ ਲੈਨੇ ਆਂ, ਤੇਰੇ ਉਸ ਚਾਚੇ ਚੌਕੀਦਾਰ ਨੇ ਦੱਸਿਆ ਏ ਕਿ ਤੂੰ ਕਿਸੇ ਜੰਗ ਦੀ ਗੱਲ ਕਰਦੀ ਏਂ।

ਮਾਸਟਰਨੀ : ਹਾਂ ਉਹ ਸਦੀਵੀ ਜੰਗ ਦੀ ਜੋ ਬਦੀ ਤੇ ਨੇਕੀ ਦੇ ਦਰਮਿਆਨ ਲੜੀ ਜਾਂਦੀ ਏ।

ਪਾਲਾ ਸਿੰਘ : ਉਹ ਗੱਲ ਹੁਣ ਬਹੁਤ ਪੁਰਾਣੀ ਹੋ ਗਈ ਏ। ਇਥੇ ਸਰਕਾਰ ਦੇ ਵਿਰੁੱਧ ਇਕ ਕਿਸਮ ਦੀ ਜੰਗ ਲੱਗੀ ਹੋਈ ਏ ਤੇ ਇਸ ਜੰਗ ਦਾ ਜ਼ਰੂਰੀ ਅੰਗ ਇਹ ਕਿ ਮੇਰੇ ਵਰਗਿਆਂ ਦਾ ਦਾਅ ਲਗਦਾ ਏ। ਤੈਨੂੰ ਪਤਾ ਏ ਜਦੋਂ ਦੋ ਬੇਵਾਕੂਫ ਲੜਦੇ ਨੇ ਤੇ ਸਿਆਣੇ ਫਾਇਦਾ ਉਠਾਉਂਦੇ ਨੇ।

ਮਾਸਟਰਨੀ : ਇਸ ਤੋਂ ਅੱਗੇ ਹੋਰ ਕੁਝ ਕਹਿਣਾ ਚਾਹੁੰਦਾ ਏਂ ?

ਪਾਲਾ ਸਿੰਘ : ਕਹਿਣਾ ਨਹੀਂ, ਬਸ ਸੁਲਾਹ ਕਰ ਲਈਏ।

ਮਾਸਟਰਨੀ : (ਮੂਡ ਬਦਲਕੇ) ਇਹਤਾਂ ਚੰਗੀ ਗੱਲ ਏ ਮੈਨੂੰ ਬੜੇਚਿਰਾਂ ਤੋਂ ਉਡੀਕ ਸੀ, ਮੈਨੂੰ ਪਤਾ ਸੀ ਕਿ ਤੂੰ ਜ਼ਰੂਰ ਆਏਂਗਾ।

ਪਾਲਾ ਸਿੰਘ : ਤੈਨੂੰ ਪਤਾ ਸੀ ?

ਮਾਸਟਰਨੀ : ਹਾਂ।

ਪਾਲਾ ਸਿੰਘ : ਉਹ ਕਿਸ ਤਰ੍ਹਾਂ ?

ਮਾਸਟਰਨੀ : ਇਕ ਕੱਲੀ ਕਾਰੀ ਕੁੜੀ ਪਿੰਡ ਵਿਚ ਰਹਿੰਦੀ ਹੋਵੇ, ਕਿਸੇ ਬਦਮਾਸ਼ ਵੈਲੀ ਦੀ ਨੀਅਤ ਬਦਲ ਜਾਏ, ਇਹ ਕੋਈ ਅਲੋਕਿਕ ਗੱਲ ਨਹੀਂ।

ਪਾਲਾ ਸਿੰਘ : ਫੇਰ ?

ਮਾਸਟਰਨੀ : ਫੇਰ ਚੱਲ ਸੌਦਾ ਕਰ ਲਈਏ।

ਪਾਲਾ ਸਿੰਘ : ਮੈਂ ਤਾਂ ਪਹਿਲਾਂ ਕਿਹਾ ਸੀ ਸੁਲਾਹ ਕਰ ਲਈਏ।

ਮਾਸਟਰਨੀ : ਸੁਲਾਹ ਨਹੀਂ ਸੌਦਾ।

ਪਾਲਾ ਸਿੰਘ : ਸੌਦਾ ?

ਮਾਸਟਰਨੀ : ਭੋਲਾ ਨਾ ਬਣ, ਮੈਂ ਇਕ ਸ਼ਿਕਾਰ ਦੀ ਭਾਲ ਵਿਚ ਹਾਂ, ਐਸਾ ਸ਼ਿਕਾਰ ਜਿਹੜਾ ਮੇਰੀ ਸਾਲਾਂ ਦੀ ਤੜਪ ਨੂੰ ਮੁਕਾ ਸਕੇ ਤੇ ਉਹ ਸ਼ਿਕਾਰ ਤੂੰ ਈ ਏਂ ਸਰਦਾਰਾ।

ਪਾਲਾ ਸਿੰਘ : ਤੂੰ ਸਾਨੂੰ ਭਾਵੇਂ ਸ਼ਿਕਾਰ ਸਮਝ ਜਾਂ ਸ਼ਿਕਾਰੀ, ਪਰ ਅਸੀਂ ਤਾਂ ਤੇਰੇ ਹੁਸਨ ਦੇ ਪੁਜਾਰੀ। ਇਕ ਵਾਰੀ ਤੈਨੂੰ ਰਜਾ ਦੇਵਾਂਗੇ।

*(ਪਾਲਾ ਸਿੰਘ ਉਸ ਵੱਲ ਵਧਦਾ ਹੈ, ਉਹ ਨੁੱਕਰ ਵਿਚ ਪਈ ਦਾਤੀ ਚੁੱਕ ਲੈਂਦੀ ਹੈ, ਪਾਲਾ ਸਿੰਘ ਪਹਿਲੇ ਰੁਕਦਾ ਹੈ ਤੇ ਫੇਰ ਹੌਲੇ ਹੌਲੇ ਪਿੱਛੇ ਹੁੰਦਾ ਹੈ।)*

ਮਾਸਟਰਨੀ : ਹੁਣ ਪਿੱਛੇ ਕਿਉਂ ਹੱਟਦਾ ਏਂ, ਵੱਧ ਅੱਗੇ ਵੱਧ।

*(ਬਾਹਰ ਨਿਕਲ ਜਾਂਦਾ ਹੈ। ਪਾਲਾ ਸਿੰਘ ਦੀ ਚੀਕ ਦੀ ਆਵਾਜ਼ ਆਉਂਦੀ ਹੈ, ਜਿਸ ਤਰ੍ਹਾਂ ਕਿ ਦਾਤੀ ਨਾਲ ਉਹਦੀ ਗਰਦਨ ਕੱਟੀ ਗਈ ਹੈ। ਥੋੜ੍ਹੀ ਦੇਰ ਸੁੰਨ ਤੇ ਫੇਰ ਪਿਛੋਂ ਆਵਾਜ਼ਾਂ ਆਉਂਦੀਆਂ ਹਨ।)*

ਇਕ : ਲੈ ਜਿਸ ਕਿਸੇ ਨੇ ਮਾਰਿਆ ਏ ਤਾਂ ਬੜੀ ਬੇਦਰਦੀ ਨਾਲ ਮਾਰਿਆ ਏ।

ਦੋ : ਕਿਸੇ ਨੇ ਬੁਰੀ ਤਰ੍ਹਾਂ ਕੋਹਿਆ ਏ।

ਇਕ : ਸ਼ਾਇਦ ਕਿਸੇ ਖਾੜਕੂ ਨੇ ਮਾਰਿਆ ਹੋਵੇ।

ਦੋ : ਆਹੋ, ਸਵੇਰੇ ਅਖ਼ਬਾਰ ਵਿਚ ਤਾਂ ਇਹੋ ਖ਼ਬਰ ਆਏਗੀ।

*(ਮਾਸਟਰਨੀ ਆਉਂਦੀ ਹੈ।)*

ਮਾਸਟਰਨੀ : ਹਾਂ, ਖ਼ਬਰ ਤਾਂ ਇਹੀ ਆਏਗੀ। ਜਦੋਂ ਤੁਸੀਂ ਪੜ੍ਹੋ ਕਿ ਕੋਈ ਜਵਾਨ

ਧੀ ਭੈਣ ਦੀ ਲਾਸ਼ ਲੱਭਦੀ ਨਹੀਂ ਤੇ ਇਹ ਵੀ ਪੜ੍ਹੋ ਕਿ ਕੋਈ ਲਾਸ਼ ਰੜੇ ਮੈਦਾਨ ਲੱਭੀ ਏ ਤਾਂ ਸਮਝ ਲਿਆ ਕਰੋ ਕਿ ਪੰਜਾਬ ਦੀ ਧਰਤੀ ਤੋਂ ਕਿਸੇ ਅਣਖੀਲੀ ਧੀ ਨੇ ਕਿਸੇ ਬਦਮਾਸ਼ ਵੈਲੀ ਕੋਲੋਂ ਆਪਣੀ ਮਾਂ, ਆਪਣੀ ਭੈਣ, ਆਪਣੀ ਧੀ ਦੀ ਲੁੱਟੀ ਇੱਜ਼ਤ ਦਾ ਬਦਲਾ ਲਿਆ ਏ, ਰੌਲਿਆਂ ਗੌਲਿਆਂ ਵਿਚ ਜ਼ਰੂਰੀ ਨਹੀਂ ਕਿ ਹਮੇਸ਼ਾਂ ਬਦਮਾਸ਼ਾਂ ਦਾ ਹੀ ਦਾਅ ਲੱਗੇ। ਚੰਗੇ ਵੀ ਆਪਣੀ ਖੇਡ ਖੇਡ ਸਕਦੇ ਨੇ। ਹੁਣ ਤੁਸੀਂ ਹੀ ਦੱਸੋ ਕਿ ਕੀ ਮੈਂ ਠੀਕ ਕੀਤਾ ਹੈ ਜਾਂ ਗ਼ਲਤ ?

*(ਦਰਸ਼ਕਾਂ ਨੂੰ ਸੰਬੋਧਨ ਹੋਣ ਦੀ ਮੁਦਰਾ ਵਿਚ ਫ਼ਰੀਜ਼ ਹੁੰਦੀ ਹੈ ਤੇ ਨਾਟਕ ਖ਼ਤਮ ਹੁੰਦਾ ਹੈ।)*